# ਜਦੋਂ ਤੁਹਾਨੂੰ ਕੈਂਸਰ ਹੋਵੇ ਤਾਂ ਬੈਨਿਫ਼ਿਟਾਂ (ਲਾਭਾਂ) ਨੂੰ ਕਲੇਮ ਕਰਨਾ: ਪੰਜਾਬੀ

## Claiming benefits when you have cancer: Punjabi

ਇਹ ਜਾਣਕਾਰੀ ਕੈਂਸਰ ਹੋਣ 'ਤੇ ਬੈਨਿਫ਼ਿਟਾਂ ਨੂੰ ਕਲੇਮ ਕਰਨ ਬਾਰੇ ਹੈ।

ਜੇ ਇਸ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਜਿੱਥੋਂ ਤੁਸੀਂ ਇਲਾਜ ਕਰਵਾ ਰਹੇ ਹੋ ਉਸ ਹਸਪਤਾਲ ਦੇ ਡਾਕਟਰ ਜਾਂ ਨਰਸ ਨੂੰ ਪੁੱਛੋ।

ਤੁਸੀਂ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਨੂੰ ਫ਼੍ਰੀਫ਼ੋਨ **0808 808 00 00** 'ਤੇ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਕਾਲ ਵੀ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਜਦੋਂ ਤੁਸੀਂ ਸਾਨੂੰ ਕਾਲ ਕਰੋ, ਕਿਰਪਾ ਕਰਕੇ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਚਾਹੀਦੀ ਹੈ।

ਇਸ ਭਾਸ਼ਾ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਕੈਂਸਰ ਸਬੰਧੀ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ [macmillan.org.uk/translations](macmillan.org.uk/translations)

ਇਹ ਜਾਣਕਾਰੀ ਇਨ੍ਹਾਂ ਵਿਸ਼ਿਆਂ ਬਾਰੇ ਹੈ:

- ਬੈਨਿਫ਼ਿਟ ਕੀ ਹੁੰਦੇ ਹਨ?
- ਜੇ ਤੁਹਾਡਾ ਜਨਮ ਯੂਕੇ ਵਿੱਚ ਨਹੀਂ ਹੋਇਆ ਸੀ
- ਜੇ ਤੁਹਾਡੀਆਂ ਦੇਖਭਾਲ ਜਾਂ ਸਰੀਰਕ ਹਿਲਜੁਲ ਸਬੰਧੀ ਲੋੜਾਂ ਹਨ
- ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਤੁਹਾਡੀ ਆਮਦਨ ਘੱਟ ਹੈ
- ਜੇ ਤੁਸੀਂ ਕਿਸੇ ਕੈਂਸਰ ਪੀੜਤ ਵਿਅਕਤੀ ਦੀ ਦੇਖਭਾਲ ਕਰਦੇ ਹੋ
- ਰਿਹਾਇਸ਼ ਦੇ ਖਰਚਿਆਂ ਵਿੱਚ ਮਦਦ
- ਜੇ ਤੁਸੀਂ ਪੈਨਸ਼ਨ ਦੀ ਉਮਰ ਦੇ ਹੋ
- ਅੱਗੇ ਕੀ ਕੀਤਾ ਜਾਵੇ
- ਆਪਣੇ ਲਈ ਸਹੀ ਦੇਖਭਾਲ ਅਤੇ ਸਹਿਯੋਗ ਪ੍ਰਾਪਤ ਕਰਨਾ
- ਮੈਕਮਿਲਨ (Macmillan) ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ
- ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ
- ਹਵਾਲੇ ਅਤੇ ਧੰਨਵਾਦ

## ਬੈਨਿਫ਼ਿਟ ਕੀ ਹੁੰਦੇ ਹਨ?

ਬੈਨਿਫ਼ਿਟ ਉਹ ਭੁਗਤਾਨ ਹੁੰਦੇ ਹਨ ਜੋ ਸਰਕਾਰ ਦੁਆਰਾ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਆਪਣਾ ਗੁਜ਼ਾਰਾ ਚਲਾਉਣ ਵਿੱਚ ਮਦਦ ਦੀ ਲੋੜ ਹੁੰਦੀ ਹੈ। ਜਦੋਂ ਤੁਹਾਨੂੰ ਕੈਂਸਰ ਹੋਵੇ, ਤਾਂ ਤੁਸੀਂ ਬੈਨਿਫ਼ਿਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇ:

- ਤੁਸੀਂ ਬਿਮਾਰ ਹੋ
- ਤੁਹਾਨੂੰ ਕੋਈ ਅਪਾਹਜਤਾ ਹੈ
- ਤੁਹਾਡੀ ਆਮਦਨ ਘੱਟ ਹੈ
- ਤੁਸੀਂ ਕਿਸੇ ਦੀ ਦੇਖਭਾਲ ਕਰ ਰਹੇ ਹੋ।

ਬਹੁਤ ਸਾਰੇ ਵੱਖ-ਵੱਖ ਬੈਨਿਫ਼ਿਟ ਹੁੰਦੇ ਹਨ। ਇਸ ਜਾਣਕਾਰੀ ਪੱਤਰ ਵਿੱਚ ਅਸੀਂ ਕੁਝ ਆਮ ਬੈਨਿਫ਼ਿਟਾਂ ਬਾਰੇ ਦੱਸਿਆ ਹੈ।

## ਜੇ ਤੁਹਾਡਾ ਜਨਮ ਯੂਕੇ ਵਿੱਚ ਨਹੀਂ ਹੋਇਆ ਸੀ

ਹੋ ਸਕਦਾ ਹੈ ਕਿ ਤੁਸੀਂ ਕੁਝ ਬੈਨਿਫ਼ਿਟ ਪ੍ਰਾਪਤ ਕਰਨ ਦੇ ਯੋਗ ਨਾ ਹੋਵੋ ਜੇ:

- ਤੁਸੀਂ ਕਿਸੇ ਹੋਰ ਦੇਸ਼ ਤੋਂ ਯੂਕੇ ਵਿੱਚ ਰਹਿਣ ਜਾਂ ਕੰਮ ਕਰਨ ਲਈ ਆਏ ਹੋ
- ਤੁਸੀਂ ਸ਼ਰਨ ਦੀ ਮੰਗ ਰਹੇ ਹੋ।

ਨਿਯਮਾਂ ਨੂੰ ਸਮਝਣਾ ਮੁਸ਼ਕਿਲ ਹੋ ਸਕਦਾ ਹੈ ਅਤੇ ਇਹ ਇਸ ਗੱਲ 'ਤੇ ਨਿਰਭਰ ਕਰ ਸਕਦਾ ਹੈ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਕਿਹੜੇ ਦੇਸ਼ ਤੋਂ ਹੋ। ਤੁਸੀਂ ਮੈਕਮਿਲਨ (Macmillan) ਨੂੰ 0808 808 00 00 'ਤੇ ਕਾਲ ਕਰ ਸਕਦੇ ਹੋ ਅਤੇ ਸਲਾਹ ਵਾਸਤੇ ਸਾਡੇ ਕਿਸੇ ਸਲਾਹਕਾਰ ਨਾਲ ਗੱਲ ਕਰ ਸਕਦੇ ਹੋ।

## ਜੇ ਤੁਹਾਡੀਆਂ ਦੇਖਭਾਲ ਜਾਂ ਸਰੀਰਕ ਹਿਲਜੁਲ ਸਬੰਧੀ ਲੋੜਾਂ ਹਨ

ਤੁਸੀਂ ਕਿਹੜੇ ਬੈਨਿਫ਼ਿਟ ਕਲੇਮ ਕਰ ਸਕਦੇ ਹੋ, ਉਹ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਕੀ ਤੁਹਾਡੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਵੱਧ ਹੈ ਜਾਂ ਘੱਟ। ਇਹ ਉਮਰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਦੋਂ ਪੈਦਾ ਹੋਏ ਸੀ। ਤੁਸੀਂ ਆਪਣੀ ਸਟੇਟ ਪੈਨਸ਼ਨ ਦੀ ਉਮਰ ਬਾਰੇ ਇੱਥੋਂ ਪਤਾ ਕਰ ਸਕਦੇ ਹੋ gov.uk/state-pension-age

### ਇੰਗਲੈਂਡ, ਵੇਲਜ਼ ਜਾਂ ਉੱਤਰੀ ਆਇਰਲੈਂਡ ਵਿੱਚ ਰਹਿ ਰਹੇ ਲੋਕਾਂ ਲਈ:

- **ਨਿੱਜੀ ਆਤਮ-ਨਿਰਭਰਤਾ ਭੁਗਤਾਨ** (Personal Independence Payment) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਘੱਟ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਰੋਜ਼ਮਰ੍ਹਾ ਦੇ ਕੰਮਾਂ, ਚੱਲਣ-ਫਿਰਨ, ਜਾਂ ਦੋਵਾਂ ਵਿੱਚ ਹੀ ਸਮੱਸਿਆਵਾਂ ਹੁੰਦੀਆਂ ਹਨ। ਇਹ ਸਮੱਸਿਆਵਾਂ ਲੰਬੇ ਸਮੇਂ ਤੋਂ ਚੱਲਦੀਆਂ ਸਿਹਤ ਸਬੰਧੀ ਤਕਲੀਫ਼ਾਂ ਜਾਂ ਅਪਾਹਜਤਾ ਕਰਕੇ ਹੁੰਦੀਆਂ ਹਨ।

- **ਹਾਜ਼ਰੀ ਭੱਤਾ** (Attendance Allowance) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਜਿੰਨੀ ਜਾਂ ਇਸਤੋਂ ਵੀ ਵੱਧ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਕਿਸੇ ਬਿਮਾਰੀ ਜਾਂ ਅਪਾਹਜਤਾ ਕਰਕੇ ਨਿੱਜੀ ਦੇਖਭਾਲ ਸਬੰਧੀ ਲੋੜਾਂ ਹੁੰਦੀਆਂ ਹਨ।

### ਸਕਾਟਲੈਂਡ ਵਿੱਚ ਰਹਿ ਰਹੇ ਲੋਕਾਂ ਲਈ:

- **ਬਾਲਗ ਅਪਾਹਜਤਾ ਭੁਗਤਾਨ** (Adult Disability Payment) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਘੱਟ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਰੋਜ਼ਮਰ੍ਹਾ ਦੇ ਕੰਮਾਂ, ਚੱਲਣ-ਫਿਰਨ, ਜਾਂ ਦੋਵਾਂ ਵਿੱਚ ਹੀ ਸਮੱਸਿਆਵਾਂ ਹੁੰਦੀਆਂ ਹਨ। ਇਹ ਸਮੱਸਿਆਵਾਂ ਲੰਬੇ ਸਮੇਂ ਤੋਂ ਚੱਲਦੀਆਂ ਸਿਹਤ ਸਬੰਧੀ ਤਕਲੀਫ਼ਾਂ ਜਾਂ ਅਪਾਹਜਤਾ ਕਰਕੇ ਹੁੰਦੀਆਂ ਹਨ।
- **ਪੈਨਸ਼ਨ ਦੀ ਉਮਰ ਵਿੱਚ ਅਪਾਹਜਤਾ ਭੁਗਤਾਨ** (Pension Age Disability Payment) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਜਿੰਨੀ ਜਾਂ ਇਸਤੋਂ ਵੀ ਵੱਧ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਕਿਸੇ ਬਿਮਾਰੀ ਜਾਂ ਅਪਾਹਜਤਾ ਕਰਕੇ ਨਿੱਜੀ ਦੇਖਭਾਲ ਸਬੰਧੀ ਲੋੜਾਂ ਹੁੰਦੀਆਂ ਹਨ।

ਜੇ ਕੈਂਸਰ ਠੀਕ ਨਹੀਂ ਹੋ ਸਕਦਾ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਖਾਸ ਨਿਯਮਾਂ ਦੇ ਤਹਿਤ ਇਨ੍ਹਾਂ ਬੈਨਿਫ਼ਿਟਾਂ ਲਈ ਅਰਜ਼ੀ ਦੇ ਸਕਦੇ ਹੋਵੋ। ਇਨ੍ਹਾਂ ਨਿਯਮਾਂ ਦਾ ਮਤਲਬ ਹੈ ਕਿ ਤੁਹਾਨੂੰ ਬੈਨਿਫ਼ਿਟ ਛੇਤੀ ਅਤੇ ਸਭ ਤੋਂ ਵੱਧ ਰਕਮ 'ਤੇ ਮਿਲੇਗਾ। ਤੁਹਾਡਾ ਡਾਕਟਰ ਜਾਂ ਨਰਸ ਇਸ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

## ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਤੁਹਾਡੀ ਆਮਦਨ ਘੱਟ ਹੈ

- **ਸਟੈਚੁਟਰੀ ਸਿਕ ਪੇਅ** (Statutory Sick Pay) ਉਨ੍ਹਾਂ ਲੋਕਾਂ ਲਈ ਹੁੰਦੀ ਹੈ ਜਿਨ੍ਹਾਂ ਨੂੰ ਬਿਮਾਰ ਹੋਣ ਕਰਕੇ ਆਪਣੀ ਨੌਕਰੀ ਤੋਂ ਛੁੱਟੀ ਲੈਣ ਦੀ ਲੋੜ ਪੈਂਦੀ ਹੈ। ਜੇ ਤੁਸੀਂ ਇਸਦੇ ਯੋਗ ਹੋ, ਤਾਂ ਤੁਹਾਡੇ ਐਂਪਲੋਇਟਰ ਨੂੰ ਹਰ ਹਫ਼ਤੇ ਤੁਹਾਨੂੰ ਇਸਦਾ ਭੁਗਤਾਨ ਕਰਨਾ ਪਵੇਗਾ। ਉਸ ਦੁਆਰਾ ਬਿਮਾਰੀ ਦੇ 28 ਹਫ਼ਤਿਆਂ ਤੱਕ ਇਸਦਾ ਭੁਗਤਾਨ ਕੀਤਾ ਜਾਵੇਗਾ।
- **ਰੁਜ਼ਗਾਰ ਅਤੇ ਸਹਿਯੋਗ ਭੱਤਾ** (Employment and Support Allowance) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿਨ੍ਹਾਂ ਦੀ ਉਮਰ ਸਟੇਟ ਪੈਨਸ਼ਨ ਦੀ ਉਮਰ ਤੋਂ ਘੱਟ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਕੋਈ ਅਜਿਹੀ ਬਿਮਾਰੀ ਜਾਂ ਅਪਾਹਜਤਾ ਹੁੰਦੀ ਹੈ ਜੋ ਉਨ੍ਹਾਂ ਦੇ ਕੰਮ ਕਰਨ ਦੀ ਸਮਰੱਥਾ ਨੂੰ ਪ੍ਰਭਾਵਤ ਕਰਦੀ ਹੈ। ਜੇ ਤੁਸੀਂ ਕੰਮ ਨਹੀਂ ਕਰ ਸਕਦੇ ਹੋ ਜਾਂ ਸਿਰਫ਼ ਥੋੜ੍ਹਾ ਜਿਹਾ ਕੰਮ ਹੀ ਕਰ ਸਕਦੇ ਹੋ ਤਾਂ ਤੁਹਾਨੂੰ ਸ਼ਾਇਦ ਇਹ ਬੈਨਿਫ਼ਿਟ ਮਿਲ ਸਕਦਾ ਹੈ।

- ਜੇ ਤੁਸੀਂ ਬਹੁਤਾ ਪੈਸਾ ਨਹੀਂ ਕਮਾਉਂਦੇ ਹੋ ਜਾਂ ਕੰਮ ਨਹੀਂ ਕਰ ਸਕਦੇ ਹੋ, ਤਾਂ ਤੁਸੀਂ **ਯੂਨੀਵਰਸਲ ਕ੍ਰੈਡਿਟ** (Universal Credit) ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਇਹ ਤੁਹਾਡੀ ਰਿਹਾਇਸ਼ ਦੇ ਸਥਾਨ 'ਤੇ ਨਿਰਭਰ ਕਰੇਗਾ। ਕਲੇਮ ਕਰਨ ਦਾ ਤਰੀਕਾ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕਿੱਥੇ ਰਹਿੰਦੇ ਹੋ। ਜੇ ਤੁਸੀਂ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿੱਚ ਰਹਿੰਦੇ ਹੋ, ਤਾਂ gov.uk/universal-credit 'ਤੇ ਜਾਓ। ਜੇ ਤੁਸੀਂ ਉੱਤਰੀ ਆਇਰਲੈਂਡ ਵਿੱਚ ਰਹਿੰਦੇ ਹੋ, ਤਾਂ ਇੱਥੇ ਜਾਓ nidirect.gov.uk/universal-credit

## ਜੇ ਤੁਸੀਂ ਕਿਸੇ ਕੈਂਸਰ ਪੀੜਤ ਵਿਅਕਤੀ ਦੀ ਦੇਖਭਾਲ ਕਰਦੇ ਹੋ

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਸ ਦੀਆਂ ਦੇਖਭਾਲ ਲੋੜਾਂ ਬਹੁਤ ਜ਼ਿਆਦਾ ਹਨ, ਤਾਂ ਤੁਸੀਂ ਇਹ ਪ੍ਰਾਪਤ ਕਰ ਸਕਦੇ ਹੋ:

- **ਦੇਖਭਾਲਕਰਤਾ ਭੱਤਾ** (Carer's Allowance), ਜੇ ਤੁਸੀਂ **ਇੰਗਲੈਂਡ, ਵੇਲਜ਼ ਜਾਂ ਉੱਤਰੀ ਆਇਰਲੈਂਡ** ਵਿੱਚ ਰਹਿੰਦੇ ਹੋ
- **ਦੇਖਭਾਲਕਰਤਾ ਸਹਿਯੋਗ ਭੁਗਤਾਨ** (Carer Support Payment) ਜੇ ਤੁਸੀਂ **ਸਕਾਟਲੈਂਡ** ਵਿੱਚ ਰਹਿੰਦੇ ਹੋ।

ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੋਣੀ ਜ਼ਰੂਰੀ ਹੈ। ਤੁਸੀਂ ਹਫ਼ਤੇ ਵਿੱਚ ਘੱਟੋ-ਘੱਟ 35 ਘੰਟਿਆਂ ਲਈ ਉਸ ਵਿਅਕਤੀ ਦੀ ਦੇਖਭਾਲ ਕਰਦੇ ਹੋਣੇ ਚਾਹੀਦੇ ਹੋ। ਇਹ ਜ਼ਰੂਰੀ ਨਹੀਂ ਹੈ ਕਿ ਤੁਹਾਡਾ ਉਸ ਨਾਲ ਕੋਈ ਰਿਸ਼ਤਾ ਹੋਵੇ ਜਾਂ ਤੁਸੀਂ ਇਕੱਠੇ ਰਹਿੰਦੇ ਹੋਵੋ। ਭਾਵੇਂ ਤੁਸੀਂ ਕੋਈ ਭੁਗਤਾਨਸ਼ੁਦਾ ਕੰਮ ਵੀ ਕਰਦੇ ਹੋ ਤਾਂ ਵੀ ਤੁਹਾਨੂੰ ਇਹ ਬੈਨਿਫ਼ਿਟ ਮਿਲ ਸਕਦਾ ਹੈ।

- **ਦੇਖਭਾਲਕਰਤਾ ਕ੍ਰੈਡਿਟ** (Carer's Credit)। ਇਸ ਵਿੱਚ ਤੁਹਾਨੂੰ ਕੋਈ ਪੈਸਾ ਨਹੀਂ ਮਿਲਦਾ। ਪਰ ਇਸ ਨਾਲ ਤੁਹਾਨੂੰ ਜੀਵਨ ਵਿੱਚ ਅੱਗੇ ਜਾ ਕੇ ਸਟੇਟ ਪੈਨਸ਼ਨ ਦਾ ਆਪਣਾ ਅਧਿਕਾਰ ਸੁਰੱਖਿਅਤ ਕਰਨ ਵਿੱਚ ਮਦਦ ਮਿਲਦੀ ਹੈ। ਇਸਨੂੰ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀਂ ਹਫ਼ਤੇ ਵਿੱਚ 20 ਘੰਟਿਆਂ ਜਾਂ ਇਸਤੋਂ ਵੱਧ ਸਮੇਂ ਲਈ ਘੱਟੋ-ਘੱਟ ਇੱਕ ਵਿਅਕਤੀ ਦੀ ਦੇਖਭਾਲ ਕਰਦੇ ਹੋਵੋ।

## ਰਿਹਾਇਸ਼ ਦੇ ਖਰਚਿਆਂ ਵਿੱਚ ਮਦਦ

- ਜੇ ਤੁਸੀਂ **ਯੂਨੀਵਰਸਲ ਕ੍ਰੈਡਿਟ** (Universal Credit) ਪ੍ਰਾਪਤ ਕਰ ਸਕਦੇ ਹੋ, ਤਾਂ ਤੁਸੀਂ ਸ਼ਾਇਦ ਆਪਣੇ ਕਿਰਾਏ ਜਾਂ ਹੋਰ ਰਿਹਾਇਸ਼ੀ ਖਰਚਿਆਂ ਵਿੱਚ ਵੀ ਮਦਦ ਲਈ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

- **ਜੇ ਤੁਹਾਡੀ ਆਮਦਨ ਘੱਟ ਹੈ ਅਤੇ ਤੁਸੀਂ ਸਟੇਟ ਪੈਨਸ਼ਨ ਦੀ ਉਮਰ ਦੇ ਹੋ, ਤਾਂ ਹਾਊਸਿੰਗ ਬੈਨਿਫ਼ਿਟ** (Housing Benefit) ਕਿਰਾਏ ਦਾ ਭੁਗਤਾਨ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਜੇ ਤੁਸੀਂ ਕਿਸੇ ਸਹਿਯੋਗ ਪ੍ਰਾਪਤ, ਸ਼ੈਲਟਰ ਵਾਲੀ ਜਾਂ ਵਕਤੀ ਰਿਹਾਇਸ਼ ਵਿੱਚ ਰਹਿ ਰਹੇ ਹੋ ਤਾਂ ਵੀ ਸ਼ਾਇਦ ਇਸ ਨਾਲ ਮਦਦ ਮਿਲ ਸਕਦੀ ਹੈ।

## ਜੇ ਤੁਸੀਂ ਪੈਨਸ਼ਨ ਦੀ ਉਮਰ ਦੇ ਹੋ

- **ਸਟੇਟ ਪੈਨਸ਼ਨ** (State Pension) ਇੱਕ ਨਿਯਮਤ ਭੁਗਤਾਨ ਹੁੰਦਾ ਹੈ ਜੋ ਤੁਸੀਂ ਕਿਸੇ ਖਾਸ ਉਮਰ 'ਤੇ ਪਹੁੰਚਣ ਮਗਰੋਂ ਸਰਕਾਰ ਤੋਂ ਪ੍ਰਾਪਤ ਕਰ ਸਕਦੇ ਹੋ। ਇਹ ਉਮਰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਦੋਂ ਪੈਦਾ ਹੋਏ ਸੀ। ਤੁਸੀਂ ਆਪਣੀ ਸਟੇਟ ਪੈਨਸ਼ਨ ਦੀ ਉਮਰ ਬਾਰੇ ਇੱਥੋਂ ਪਤਾ ਕਰ ਸਕਦੇ ਹੋ gov.uk/state-pension-age
- **ਪੈਨਸ਼ਨ ਕ੍ਰੈਡਿਟ** (Pension Credit) ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜੋ ਸਟੇਟ ਪੈਨਸ਼ਨ ਦੀ ਉਮਰ ਦੇ ਹੋ ਚੁਕੇ ਹਨ ਅਤੇ ਜਿਨ੍ਹਾਂ ਦੀ ਆਮਦਨ ਘੱਟ ਹੈ। ਇਸ ਨਾਲ ਤੁਹਾਨੂੰ ਤੁਹਾਡੀ ਸਟੇਟ ਪੈਨਸ਼ਨ ਤੋਂ ਇਲਾਵਾ ਵਾਧੂ ਰਕਮ ਮਿਲਦੀ ਹੈ।

## ਅੱਗੇ ਕੀ ਕੀਤਾ ਜਾਵੇ

ਇਸ ਜਾਣਕਾਰੀ ਵਿੱਚ, ਅਸੀਂ ਸਿਰਫ਼ ਕੁਝ ਹੀ ਉਪਲਬਧ ਬੈਨਿਫ਼ਿਟਾਂ ਬਾਰੇ ਗੱਲ ਕੀਤੀ ਹੈ। ਬੈਨਿਫ਼ਿਟਾਂ ਬਾਰੇ ਹੋਰ ਜਾਣਨ ਲਈ ਸਾਡੇ ਕਿਸੇ ਸਲਾਹਕਾਰ ਨਾਲ ਗੱਲ ਕਰਨਾ ਚੰਗਾ ਰਹੇਗਾ। ਤੁਸੀਂ ਸਾਨੂੰ 0808 808 00 00 'ਤੇ ਮੁਫ਼ਤ ਵਿੱਚ ਕਾਲ ਕਰ ਸਕਦੇ ਹੋ।

ਤੁਸੀਂ ਔਨਲਾਈਨ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਬੈਨਿਫ਼ਿਟਾਂ ਲਈ ਅਰਜ਼ੀ ਦੇ ਸਕਦੇ ਹੋ। ਇੱਥੇ ਜਾਓ:

- gov.uk ਜੇ ਤੁਸੀਂ **ਇੰਗਲੈਂਡ, ਸਕਾਟਲੈਂਡ ਜਾਂ ਵੇਲਜ਼** ਵਿੱਚ ਰਹਿੰਦੇ ਹੋ
- socialsecurity.gov.scot ਜੇ ਤੁਸੀਂ **ਸਕਾਟਲੈਂਡ** ਵਿੱਚ ਰਹਿੰਦੇ ਹੋ
- nidirect.gov.uk ਜੇ ਤੁਸੀਂ **ਉੱਤਰੀ ਆਇਰਲੈਂਡ** ਵਿੱਚ ਰਹਿੰਦੇ ਹੋ

## ਆਪਣੇ ਲਈ ਸਹੀ ਦੇਖਭਾਲ ਅਤੇ ਸਹਿਯੋਗ ਪ੍ਰਾਪਤ ਕਰਨਾ

ਜੇ ਤੁਹਾਨੂੰ ਕੈਂਸਰ ਹੈ ਅਤੇ ਤੁਸੀਂ ਅੰਗ੍ਰੇਜ਼ੀ ਨਹੀਂ ਬੋਲ ਸਕਦੇ ਹੋ, ਤਾਂ ਤੁਹਾਨੂੰ ਸ਼ਾਇਦ ਇਹ ਚਿੰਤਾ ਹੋਵੇ ਕਿ ਇਸਦਾ ਅਸਰ ਤੁਹਾਡੇ ਕੈਂਸਰ ਦੇ ਇਲਾਜ ਅਤੇ ਦੇਖਭਾਲ ਉੱਪਰ ਪਵੇਗਾ। ਪਰ ਤੁਹਾਡੀ ਸਿਹਤ-ਸੰਭਾਲ ਟੀਮ ਨੂੰ ਤੁਹਾਨੂੰ ਅਜਿਹੀ ਦੇਖਭਾਲ, ਸਹਿਯੋਗ ਅਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀ ਹੋਵੇ।

ਸਾਨੂੰ ਪਤਾ ਹੈ ਕਿ ਕਈ ਵਾਰ ਲੋਕਾਂ ਨੂੰ ਸਹੀ ਸਹਿਯੋਗ ਪ੍ਰਾਪਤ ਕਰਨ ਵਿੱਚ ਵਾਧੂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਦਾਹਰਣ ਲਈ, ਜੇ ਤੁਸੀਂ ਨੌਕਰੀ ਕਰਦੇ ਹੋ ਜਾਂ ਤੁਹਾਡਾ ਪਰਿਵਾਰ ਹੈ ਤਾਂ ਤੁਹਾਨੂੰ ਸ਼ਾਇਦ ਪੈਸੇ ਅਤੇ ਆਵਾਜਾਈ ਦੇ ਖਰਚਿਆਂ ਬਾਰੇ ਚਿੰਤਾਵਾਂ ਵੀ ਹੋ ਸਕਦੀਆਂ ਹਨ। ਇਹ ਸਭ ਕੁਝ ਤਣਾਅ ਭਰਿਆ ਹੋ ਸਕਦਾ ਹੈ ਅਤੇ ਇਸ ਨਾਲ ਨਿਪਟਣਾ ਔਖਾ ਹੋ ਸਕਦਾ ਹੈ।

## ਮੈਕਮਿਲਨ (Macmillan) ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ

ਮੈਕਮਿਲਨ (Macmillan) ਵਿਖੇ, ਸਾਨੂੰ ਪਤਾ ਹੈ ਕਿ ਕੈਂਸਰ ਰੋਗ ਦੀ ਪਛਾਣ ਹੋਣ ਨਾਲ ਕਿਸ ਤਰ੍ਹਾਂ ਹਰ ਚੀਜ਼ ਉੱਪਰ ਅਸਰ ਪੈ ਸਕਦਾ ਹੈ, ਅਤੇ ਅਸੀਂ ਤੁਹਾਡੀ ਸਹਾਇਤਾ ਲਈ ਇੱਥੇ ਮੌਜੂਦ ਹਾਂ।

**ਮੈਕਮਿਲਨ ਸਪੋਰਟ ਲਾਈਨ** (Macmillan Support Line)
ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਬੱਸ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਵਰਤਣਾ ਚਾਹੁੰਦੇ ਹੋ।

ਮੈਕਮਿਲਨ ਸਪੋਰਟ ਲਾਈਨ (Macmillan Support Line) 'ਤੇ ਸਾਡੇ ਮਾਹਰ ਸਲਾਹਕਾਰ ਚਿਕਿਸਤਕੀ ਸਵਾਲਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਜਾਂ ਜੇ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ ਤਾਂ ਤੁਹਾਡੀ ਗੱਲ ਸੁਣਨ ਲਈ ਮੌਜੂਦ ਹੋ ਸਕਦੇ ਹਨ। ਅਸੀਂ ਤੁਹਾਡੀਆਂ ਪੈਸੇ ਸਬੰਧੀ ਚਿੰਤਾਵਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ ਅਤੇ ਤੁਹਾਨੂੰ ਅਜਿਹੇ ਹੋਰ ਲਾਹੇਵੰਦ ਸੰਗਠਨਾਂ ਦਾ ਸੁਝਾਅ ਦੇ ਸਕਦੇ ਹਾਂ ਜੋ ਤੁਹਾਡੀ ਮਦਦ ਕਰ ਸਕਦੇ ਹਨ। ਮੁਫ਼ਤ, ਗੁਪਤ ਫ਼ੋਨ ਲਾਈਨ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਖੁੱਲ੍ਹੀ ਰਹਿੰਦੀ ਹੈ। ਸਾਨੂੰ 0808 808 00 00 'ਤੇ ਕਾਲ ਕਰੋ।

**ਮੈਕਮਿਲਨ** (Macmillan) **ਵੈੱਬਸਾਈਟ**
ਸਾਡੀ ਵੈੱਬਸਾਈਟ 'ਤੇ ਕੈਂਸਰ ਬਾਰੇ ਅੰਗ੍ਰੇਜ਼ੀ ਵਿੱਚ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ। ਇੱਥੇ ਹੋਰਨਾਂ ਭਾਸ਼ਾਵਾਂ ਵਿੱਚ ਵੀ ਵਧੇਰੇ ਜਾਣਕਾਰੀ ਉਪਲਬਧ ਹੈ macmillan.org.uk/translations

ਅਸੀਂ ਸਿਰਫ਼ ਤੁਹਾਡੇ ਲਈ ਵੀ ਅਨੁਵਾਦਾਂ ਦਾ ਇੰਤਜ਼ਾਮ ਕਰਨ ਯੋਗ ਹੋ ਸਕਦੇ ਹਾਂ। ਸਾਨੂੰ ਇਹ ਦੱਸਣ ਲਈ informationproductionteam@macmillan.org.uk 'ਤੇ ਈਮੇਲ ਕਰੋ ਕਿ ਤੁਹਾਨੂੰ ਕੀ ਚਾਹੀਦਾ ਹੈ।

**ਜਾਣਕਾਰੀ ਕੇਂਦਰ**

ਸਾਡੇ ਜਾਣਕਾਰੀ ਅਤੇ ਸਹਿਯੋਗ ਕੇਂਦਰ ਹਸਪਤਾਲਾਂ, ਲਾਇਬ੍ਰੇਰੀਆਂ ਅਤੇ ਮੋਬਾਈਲ ਸੈਂਟਰਾਂ ਵਿਖੇ ਸਥਿਤ ਹਨ। ਆਪਣੀ ਲੋੜ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਕਿਸੇ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਲਈ ਕਿਸੇ ਵੀ ਸੈਂਟਰ 'ਤੇ ਜਾਓ। macmillan.org.uk/informationcentres ਤੋਂ ਆਪਣੇ ਨੇੜਲੇ ਸੈਂਟਰ ਦਾ ਪਤਾ ਲਗਾਓ ਜਾਂ ਸਾਨੂੰ 0808 808 00 00 'ਤੇ ਕਾਲ ਕਰੋ।

**ਸਥਾਨਕ ਸਪੋਰਟ ਗਰੁੱਪ**

ਸਪੋਰਟ ਗਰੁੱਪ ਵਿਖੇ ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਰਨਾਂ ਲੋਕਾਂ ਨਾਲ ਗੱਲਬਾਤ ਕਰ ਸਕਦੇ ਹੋ। macmillan.org.uk/supportgroups 'ਤੇ ਆਪਣੇ ਇਲਾਕੇ ਵਿੱਚ ਸਪੋਰਟ ਗਰੁੱਪਾਂ ਬਾਰੇ ਪਤਾ ਲਗਾਓ ਜਾਂ ਸਾਨੂੰ 0808 808 00 00 'ਤੇ ਕਾਲ ਕਰੋ।

**ਮੈਕਮਿਲਨ ਆਨਲਾਈਨ ਕਮਿਊਨਿਟੀ** (Macmillan Online Community)

ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਰਨਾਂ ਲੋਕਾਂ ਨਾਲ ਵੀ ਆਨਲਾਈਨ macmillan.org.uk/community 'ਤੇ ਗੱਲ ਕਰ ਸਕਦੇ ਹੋ।

ਤੁਸੀਂ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਇਸ ਰਾਹੀਂ ਸੰਪਰਕ ਕਰ ਸਕਦੇ ਹੋ। ਤੁਸੀਂ ਆਪਣੇ ਅਨੁਭਵ ਸਾਂਝੇ ਕਰ ਸਕਦੇ ਹੋ, ਸਵਾਲ ਪੁੱਛ ਸਕਦੇ ਹੋ, ਜਾਂ ਬਸ ਲੋਕਾਂ ਦੀਆਂ ਪੋਸਟਾਂ ਨੂੰ ਪੜ੍ਹ ਸਕਦੇ ਹੋ।

## ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ

ਸਾਡੇ ਕੋਲ ਇਨ੍ਹਾਂ ਵਿਸ਼ਿਆਂ ਬਾਰੇ ਤੁਹਾਡੀ ਭਾਸ਼ਾ ਵਿੱਚ ਜਾਣਕਾਰੀ ਉਪਲਬਧ ਹੈ:

**ਕੈਂਸਰ ਦੀਆਂ ਨਿਸ਼ਾਨੀਆਂ ਅਤੇ ਲੱਛਣ**

- ਨਿਸ਼ਾਨੀਆਂ ਅਤੇ ਲੱਛਣਾਂ ਵਾਲੇ ਕਾਰਡ

**ਜੇ ਤੁਹਾਨੂੰ ਕੈਂਸਰ ਹੋਣ ਦਾ ਪਤਾ ਲੱਗਦਾ ਹੈ**

- ਯੂਕੇ ਵਿੱਚ ਕੈਂਸਰ ਦੇਖਭਾਲ
- ਰਫ਼ਿਊਜੀਆਂ ਅਤੇ ਸ਼ਰਨ ਮੰਗਣ ਵਾਲੇ ਲੋਕਾਂ ਲਈ ਹੈਲਥਕੇਅਰ
- ਜੇ ਤੁਹਾਨੂੰ ਕੈਂਸਰ ਹੋਣ ਦਾ ਪਤਾ ਲੱਗਦਾ ਹੈ

**ਕੈਂਸਰ ਦੀਆਂ ਕਿਸਮਾਂ**

- ਅੰਤੜੀਆਂ ਦਾ ਕੈਂਸਰ
- ਛਾਤੀ ਦਾ ਕੈਂਸਰ
- ਸਰਵਾਈਕਲ (ਬੱਚੇਦਾਨੀ ਦੇ ਮੂੰਹ ਦਾ) ਕੈਂਸਰ
- ਫੇਫੜੇ ਦਾ ਕੈਂਸਰ
- ਪ੍ਰੋਸਟੇਟ ਕੈਂਸਰ

**ਕੈਂਸਰ ਦਾ ਇਲਾਜ**

- ਕੀਮੋਥੈਰੇਪੀ
- ਰੇਡੀਓਥੈਰੇਪੀ
- ਸੈਪਸਿਸ ਅਤੇ ਕੈਂਸਰ
- ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ
- ਸਰਜਰੀ

**ਕੈਂਸਰ ਨਾਲ ਜੀਵਨ ਜਿਉਣਾ**

- ਜਦੋਂ ਤੁਹਾਨੂੰ ਕੈਂਸਰ ਹੋਵੇ ਤਾਂ ਬੈਨਿਫ਼ਿਟਾਂ (ਲਾਭਾਂ) ਨੂੰ ਕਲੇਮ ਕਰਨਾ
- ਖਾਣ-ਸਬੰਧੀ ਸਮੱਸਿਆਵਾਂ ਅਤੇ ਕੈਂਸਰ
- ਸਿਹਤਮੰਦ ਭੋਜਨ ਖਾਣਾ
- ਤੁਹਾਨੂੰ ਕੈਂਸਰ ਹੋਣ 'ਤੇ ਖਰਚਿਆਂ ਵਿੱਚ ਮਦਦ
- LGBTQ+ ਲੋਕ ਅਤੇ ਕੈਂਸਰ
- ਥਕਾਵਟ (ਥਕੇਵਾਂ) ਅਤੇ ਕੈਂਸਰ

**ਜੀਵਨ ਦਾ ਅੰਤ**

- ਜੀਵਨ ਦਾ ਅੰਤ

ਇਹ ਜਾਣਕਾਰੀ ਦੇਖਣ ਲਈ, ਇੱਥੇ ਜਾਓ macmillan.org.uk/translations

ਜਾਣਕਾਰੀ ਨੂੰ ਸਮਝਣ ਵਿੱਚ ਵਧੇਰੇ ਸਹਾਇਤਾ ਲਈ, ਇੱਥੇ ਜਾਓ macmillan.org.uk/understandinginformation

# ਹਵਾਲੇ ਅਤੇ ਧੰਨਵਾਦ

ਇਹ ਜਾਣਕਾਰੀ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਦੀ ਕੈਂਸਰ ਇਨਫ਼ਾਰਮੇਸ਼ਨ ਡਿਵੈਲਪਮੈਂਟ (Cancer Information Development) ਟੀਮ ਦੁਆਰਾ ਲਿਖੀ ਅਤੇ ਸੰਪਾਦਤ ਕੀਤੀ ਗਈ ਹੈ। ਤੁਹਾਡੀ ਭਾਸ਼ਾ ਵਿੱਚ ਇਸਦਾ ਅਨੁਵਾਦ ਕਿਸੇ ਅਨੁਵਾਦ ਕੰਪਨੀ ਦੁਆਰਾ ਕੀਤਾ ਗਿਆ ਹੈ।

ਇਸ ਵਿੱਚ ਸ਼ਾਮਲ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਅੰਗ੍ਰੇਜ਼ੀ ਵਿੱਚ ਉਪਲਬਧ ਬੈਨਿਫ਼ਿਟਾਂ ਦੀ ਸਮੱਗਰੀ 'ਤੇ ਅਧਾਰਤ ਹੈ।

ਇਸ ਜਾਣਕਾਰੀ ਦੀ ਸਮੀਖਿਆ ਸਬੰਧਤ ਮਾਹਰਾਂ ਦੁਆਰਾ ਕੀਤੀ ਗਈ ਹੈ ਅਤੇ ਮੈਕਮਿਲਨ ਦੇ ਕਲੀਨਿਕੀ ਮੁਹਾਰਤ ਕੇਂਦਰ (Macmillan's Centre of Clinical Expertise) ਦੇ ਮੈਂਬਰਾਂ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ।

ਕੈਂਸਰ ਪੀੜਤ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਇਸ ਜਾਣਕਾਰੀ ਦੀ ਸਮੀਖਿਆ ਕੀਤੀ।

ਸਾਡੀ ਸਾਰੀ ਜਾਣਕਾਰੀ ਸਭ ਤੋਂ ਵਧੀਆ ਉਪਲਬਧ ਸਬੂਤਾਂ 'ਤੇ ਅਧਾਰਤ ਹੈ। ਸਾਡੇ ਦੁਆਰਾ ਵਰਤੇ ਜਾਣ ਵਾਲੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ informationproductionteam@macmillan.org.uk

**ਸਮੱਗਰੀ ਦੀ ਸਮੀਖਿਆ**: 2025

**ਅਗਲੀ ਯੋਜਨਾਬੱਧ ਸਮੀਖਿਆ**: 2028

MAC15139_Punjabi_E05

ਅਸੀਂ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਜੋ ਵੀ ਜਾਣਕਾਰੀ ਪ੍ਰਦਾਨ ਕਰੀਏ, ਉਹ ਸਹੀ ਅਤੇ ਬਿਲਕੁਲ ਅੱਪ-ਟੂ-ਡੇਟ ਹੋਵੇ ਪਰ ਇਸ ਉੱਪਰ ਤੁਹਾਡੀ ਸਥਿਤੀ ਮੁਤਾਬਕ ਤਿਆਰ ਕੀਤੀ ਗਈ ਮਾਹਰ ਪੇਸ਼ੇਵਰ ਸਲਾਹ ਦੇ ਬਦਲ ਵਜੋਂ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਜਿੱਥੋਂ ਤਕ ਕਨੂੰਨ ਦੁਆਰਾ ਇਜਾਜ਼ਤ ਦਿੱਤੀ ਜਾਂਦੀ ਹੈ, ਮੈਕਮਿਲਨ (Macmillan) ਇਸ ਪ੍ਰਕਾਸ਼ਨ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਜਾਂ ਤੀਜੀ-ਧਿਰ ਦੀ ਜਾਣਕਾਰੀ ਜਾਂ ਇਸ ਵਿੱਚ ਸ਼ਾਮਲ ਜਾਂ ਹਵਾਲਾ ਦਿੱਤੀਆਂ ਗਈਆਂ ਵੈੱਬਸਾਈਟਾਂ ਦੇ ਇਸਤੇਮਾਲ ਦੇ ਸਬੰਧ ਵਿੱਚ ਦੇਣਦਾਰੀ ਸਵੀਕਾਰ ਨਹੀਂ ਕਰਦੀ ਹੈ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support) 2025, ਇੰਗਲੈਂਡ ਅਤੇ ਵੇਲਜ਼ (261017), ਸਕਾਟਲੈਂਡ (SC039907) ਅਤੇ ਆਈਲ ਆਫ਼ ਮੈਨ (604) ਵਿੱਚ ਰਜਿਸਟਰਡ ਚੈਰਿਟੀ ਹੈ। ਨਾਰਦਰਨ ਆਇਰਲੈਂਡ ਵਿੱਚ ਵੀ ਸੰਚਾਲਨ ਕਰ ਰਹੀ ਹੈ। ਗਰੰਟੀ ਦੁਆਰਾ ਸੀਮਤ ਇੱਕ ਕੰਪਨੀ, ਇੰਗਲੈਂਡ ਅਤੇ ਵੇਲਜ਼ ਵਿੱਚ ਰਜਿਸਟਰਡ ਕੰਪਨੀ ਨੰਬਰ 2400969 ਹੈ। ਆਈਲ ਆਫ਼ ਮੈਨ ਕੰਪਨੀ ਨੰਬਰ 4694F. ਰਜਿਸਟਰਡ ਦਫ਼ਤਰ: 3rd Floor, Bronze Building, The Forge, 105 Sumner Street, London, SE1 9HZ. VAT ਨੰ: 668265007

Trusted Information Creator
Patient Information Forum

MACMILLAN CANCER SUPPORT

# Claiming benefits when you have cancer: English

This information is about claiming benefits when you have cancer.

If you have any questions about this information, ask your doctor or nurse at the hospital where you are having treatment.

You can also call Macmillan Cancer Support on freephone **0808 808 00 00**, 7 days a week, 8am to 8pm. We have interpreters, so you can speak to us in your own language. When you call us, please tell us in English which language you need.

There is more cancer information in this language and other languages at macmillan.org.uk/translations

This information is about:

- What are benefits?
- If you were not born in the UK
- If you have care or mobility needs
- If you cannot work or have a low income
- If you look after someone with cancer
- Help with housing costs
- If you are of pension age
- What to do next
- Getting the right care and support for you
- How Macmillan can help you
- More information in your language
- References and thanks

## What are benefits?

Benefits are payments from the government to people who need help with the cost of living. When you have cancer, you might be able to get benefits if you:

- are ill
- have a disability
- have a low income
- are looking after someone.

There are many different benefits. In this factsheet we explain some common ones.

## If you were not born in the UK

You may not be able to get some benefits if you:

- have come from another country to live or work in the UK
- are a person seeking asylum.

The rules can be hard to understand and can depend on which country you and your family are from. You can call Macmillan on **0808 808 00 00** and speak to one of our advisers for advice.

## If you have care or mobility needs

The benefits you can claim are different depending on where you live and if you are above or below the State Pension age. This age depends on when you were born. You can find out your State Pension age at gov.uk/state-pension-age

### For people living in England, Wales or Northern Ireland:

- **Personal Independence Payment** is for people under State Pension age who have problems with everyday tasks, getting around, or both. The problems are because of long-term health conditions or disability.
- **Attendance Allowance** is for people who are State Pension age or over who have personal care needs because of an illness or disability.

### For people living in Scotland:

- **Adult Disability Payment** is for people under State Pension age who have problems with everyday tasks, getting around, or both. The problems are because of long-term health conditions or disability.
- **Pension Age Disability Payment** is for people who are State Pension age or over who have personal care needs because of an illness or disability.

If the cancer cannot be cured, you may be able to apply for these benefits under special rules. These rules mean you will get the benefit quickly and at the highest amount. Your doctor or nurse can help you with this.

## If you cannot work or have a low income

- **Statutory Sick Pay** is for people who need to take time off from their job because they are ill. If you qualify for this, your employer must pay it to you each week. They will pay it for up to 28 weeks of illness.

- **Employment and Support Allowance** is for people under State Pension age who have an illness or disability that affects how much they can work. You may be able to get this benefit if you cannot work or can only do a small amount of work.
- If you do not earn much money or cannot work, you may be able to get **Universal Credit**. This will depend on where you live. The way to make a claim will depend on where you live. If you live in England, Scotland and Wales, visit gov.uk/universal-credit If you live in Northern Ireland, visit nidirect.gov.uk/universal-credit

## If you look after someone with cancer

If you look after someone with a lot of care needs, you may get:

- **Carer's Allowance** if you live in **England, Wales or Northern Ireland**
- **Carer Support Payment** if you live in **Scotland**.

You must be aged 16 or over. You must be caring for the person for at least 35 hours a week. You do not need to be related to them or living together. You may get this benefit even if you do some paid work.

- **Carer's Credit**. This does not give you any money. But it helps protect your right to a State Pension later in life. You must look after at least one person for 20 hours or more a week to get it.

## Help with housing costs

- If you can get **Universal Credit**, you may be able to get a payment to help with your rent or other housing costs.
- **Housing Benefit** can help you pay your rent if you have a low income and are State Pension age. It may also help if you are living in supported, sheltered or temporary housing.

## If you are of pension age

- **State Pension** is a regular payment you can get from the government when you reach a certain age. This age depends on when you were born. You can find out your State Pension age at gov.uk/state-pension-age
- **Pension Credit** is for people who have reached State Pension age and have a low income. It gives you an extra amount on top of your State Pension.

## What to do next

In this information, we have only talked about some of the benefits that are available. It is a good idea to talk to one of our advisers to find out more about benefits. You can call us free on **0808 808 00 00**.

You can find more information and apply for benefits online. Visit:

- gov.uk if you live in **England, Scotland or Wales**
- socialsecurity.gov.scot if you live in **Scotland**
- nidirect.gov.uk if you live in **Northern Ireland.**

## Getting the right care and support for you

If you have cancer and do not speak English, you may be worried that this will affect your cancer treatment and care. But your healthcare team should offer you care, support and information that meets your needs.

We know that sometimes people may face extra challenges in getting the right support. For example, if you work or have a family you might also have worries about money and transport costs. All of this can be stressful and hard to cope with.

## How Macmillan can help you

At Macmillan, we know how a cancer diagnosis can affect everything, and we are here to support you.

**Macmillan Support Line**
We have interpreters, so you can speak to us in your language. Just tell us, in English, the language you want to use.

Our expert advisers on the Macmillan Support Line can help with medical questions or be there to listen if you need someone to talk to. We can also talk to you about your money worries and recommend other useful organisations that can help. The free, confidential phone line is open 7 days a week, 8am to 8pm. Call us on **0808 808 00 00**.

**Macmillan website**
Our website has lots of information in English about cancer. There is also more information in other languages at macmillan.org.uk/translations

We may also be able to arrange translations just for you. Email informationproductionteam@macmillan.org.uk to tell us what you need.

**Information centres**
Our information and support centres are based in hospitals, libraries and mobile centres. Visit one to get the information you need and speak with someone face to face. Find your nearest centre at macmillan.org.uk/informationcentres or call us on **0808 808 00 00**.

**Local support groups**
At a support group, you can talk to other people affected by cancer. Find out about support groups in your area at macmillan.org.uk/supportgroups or call us on **0808 808 00 00**.

**Macmillan Online Community**
You can also talk to other people affected by cancer online at macmillan.org.uk/community

You can access it at any time of day or night. You can share your experiences, ask questions, or just read through people's posts.

## More information in your language

We have information in your language about these topics:

**Signs and symptoms of cancer**
- Signs and symptoms cards

**If you are diagnosed with cancer**
- Cancer care in the UK
- Healthcare for refugees and people seeking asylum
- If you are diagnosed with cancer

**Types of cancer**
- Bowel cancer
- Breast cancer
- Cervical cancer
- Lung cancer
- Prostate cancer

**Treatment for cancer**
- Chemotherapy
- Radiotherapy
- Sepsis and cancer
- Side effects of cancer treatment
- Surgery

**Living with cancer**

- Claiming benefits when you have cancer
- Eating problems and cancer
- Healthy eating
- Help with costs when you have cancer
- LGBTQ+ people and cancer
- Tiredness (fatigue) and cancer

**End of life**

- End of life

To see this information, go to macmillan.org.uk/translations

For more support to understand information, go to macmillan.org.uk/understandinginformation

## References and thanks

This information has been written and edited by Macmillan Cancer Support's Cancer Information Development team. It has been translated into this language by a translation company.

The information included is based on our benefits content available in English on our website.

This information has been reviewed by relevant experts and approved by members of Macmillan's Centre of Clinical Expertise or other senior clinicians or experts.

Thanks also to the people affected by cancer who reviewed this information.

All our information is based on the best evidence available. For more information about the sources we use, please contact us at informationproductionteam@macmillan.org.uk

**Content reviewed: 2025**

**Next planned review: 2028**

MAC15139_English_E05

We make every effort to ensure that the information we provide is accurate and up-to-date but it should not be relied upon as a substitute for specialist professional advice tailored to your situation. So far as is permitted by law, Macmillan does not accept liability in relation to the use of any information contained in this publication or third-party information or websites included or referred to in it.

© Macmillan Cancer Support 2025, registered charity in England and Wales (261017), Scotland (SC039907) and the Isle of Man (604). Also operating in Northern Ireland. A company limited by guarantee, registered in England and Wales company number 2400969. Isle of Man company number 4694F. Registered office: 3rd Floor, Bronze Building, The Forge, 105 Sumner Street, London, SE1 9HZ. VAT no: 668265007

Trusted Information Creator

Patient Information Forum